## Vigilance Bureau Punjab

# VIGILANCE NABS SALES TAX CONTRACTUAL EMPLOYEE FOR TAKING BRIBE OF RS. 25,000

## Also registers case against sales tax inspector

Chandigarh, February 28: State Vigilance Bureau nabbed contractual employee of Sales Tax Department Prashant Kumar posted at Ludhiana red handed for accepting bribe of Rs. 25,000 and also registered a case against Sales Tax Inspector.

Disclosing this here an official spokesperson of the Vigilance Bureau said above said accused Prashant Kumar was nabbed red handed while accepting bribe of Rs. 25,000 from complainant Sham Lal of Master Colony, Sunam city, Sangrur district.

The complainant has approached the VB and alleged that the accused sales tax employee Prashant Kumar and sales tax inspector Pankaj Takker posted at Sangrur were demanding bribe of Rs. 50,000 to settle his pending sales tax dues and the deal was struck at Rs. 40,000. He informed that he had already paid Rs. 15,000 to them as a first installment.

After verifying his information, the Vigilance team laid a trap and the accused Prashant Kumar was arrested on the spot while accepting bribe of Rs. 25,000/- as a second installment from the complainant in the presence of two official witnesses.

He informed that a case under Prevention of Corruption Act has been registered against both of the accused at VB police station Patiala and further investigation was under progress.

----------

**ਵਿਜੀਲੈਂਸ ਬਿਓਰੋ ਪੰਜਾਬ**

# ਵਿਜੀਲੈਂਸ ਵੱਲੋਂ ਵਿਕਰੀ ਕਰ ਵਿਭਾਗ ਦਾ ਕਰਮਚਾਰੀ 25,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ

## ਵਿਕਰੀ ਕਰ ਇੰਸਪੈਕਟਰ ਖਿਲਾਫ਼ ਵੀ ਮੁਕੱਦਮਾ ਦਰਜ

ਚੰਡੀਗੜ੍ਹ, 28 ਫਰਵਰੀ: ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਵਿਕਰੀ ਕਰ ਵਿਭਾਗ ਲੁਧਿਆਣਾ ਵਿਖੇ ਠੇਕੇ ’ਤੇ ਤਾਇਨਾਤ ਕਰਮਚਾਰੀ ਪ੍ਰਸ਼ਾਤ ਕੁਮਾਰ ਨੂੰ 25,000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕੀਤਾ ਗਿਆ ਅਤੇ ਇਸ ਰਿਸ਼ਵਤਖੋਰੀ ਦੇ ਕੇਸ ਵਿਚ ਸ਼ਾਮਲ ਸੰਗਰੂਰ ਵਿਖੇ ਤਾਇਨਾਤ ਵਿਕਰੀ ਕਰ ਇੰਸਪੈਕਟਰ ਪੰਕਜ ਟੱਕਰ ਖਿਲਾਫ਼ ਵੀ ਪਰਚਾ ਦਰਜ ਕੀਤਾ ਗਿਆ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਓਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਕਰਮਚਾਰੀ ਪ੍ਰਸ਼ਾਂਤ ਕੁਮਾਰ ਨੂੰ ਸ਼ਿਕਾਇਤਕਰਤਾ ਸ਼ਾਮ ਲਾਲ ਵਾਸੀ ਮਾਸਟਰ ਕਲੋਨੀ, ਸੁਨਾਮ ਜਿਲਾ ਸੰਗਰੂਰ ਦੀ ਸ਼ਿਕਾਇਤ ’ਤੇ 25,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਸ਼ਿਕਾਇਤਕਰਤਾ ਨੇ ਵਿਜੀਲੈਂਸ ਨੂੰ ਆਪਣੀ ਸ਼ਿਕਾਇਤ ਵਿਚ ਦੱਸਿਆ ਕਿ ਉਸ ਦੀ ਕਪੜੇ ਦੀ ਦੁਕਾਨ ਹੈ ਅਤੇ ਸੇਲ ਟੈਕਸ ਵਿਭਾਗ ਵਲੋਂ ਉਸ ਦੀ ਦੁਕਾਨ ਦਾ ਸੇਲ ਟੈਕਸ ਨਾ ਭਰਨ ਕਾਰਨ ਨੋਟਿਸ ਜਾਰੀ ਕੀਤੇ ਸਨ, ਜਿਨ੍ਹਾਂ ਨੋਟਿਸਾਂ ਨੂੰ ਰਫਾ-ਦਫਾ ਕਰਾਉਣ ਦੇ ਬਦਲੇ ਉਕਤ ਕਰਮਚਾਰੀ ਪ੍ਰਸ਼ਾਂਤ ਕੁਮਾਰ ਅਤੇ ਸੰਗਰੂਰ ਵਿਖੇ ਤਾਇਨਾਤ ਵਿਕਰੀ ਕਰ ਇੰਸਪੈਕਟਰ ਪੰਕਜ ਟੱਕਰ ਵਲੋਂ 50,000 ਰੁਪਏ ਰਿਸ਼ਵਤ ਦੀ ਮੰਗ ਕੀਤੀ

ਗਈ ਹੈ ਅਤੇ ਸੌਦਾ 40,000 ਰੁਪਏ ਵਿਚ ਤੈਅ ਹੋਇਆ ਹੈ ਅਤੇ ਉਸ ਵਲੋਂ 15,000 ਰੁਪਏ ਪਹਿਲੀ ਕਿਸ਼ਤ ਵਜੋਂ ਅਦਾ ਵੀ ਕੀਤੇ ਜਾ ਚੁੱਕੇ ਹਨ।

ਵਿਜੀਲੈਂਸ ਵਲੋਂ ਸ਼ਿਕਾਇਤ ਦੀ ਪੜਤਾਲ ਉਪਰੰਤ ਉਕਤ ਦੋਸ਼ੀ ਪ੍ਰਸ਼ਾਂਤ ਕੁਮਾਰ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ ਵਿਚ ਦੂੱਜੀ ਕਿਸ਼ਤ ਦੇ 25,000 ਰੁਪਏ ਦੀ ਰਿਸ਼ਵਤ ਲੈਂਦਿਆਂ ਦਬੋਚ ਲਿਆ ਅਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਉਕਤ ਦੋਹਾਂ ਦੋਸ਼ੀਆਂ ਵਿਰੁੱਧ ਪਟਿਆਲਾ ਸਥਿਤ ਵਿਜੀਲੈਂਸ ਬਿਓਰੋ ਦੇ ਥਾਣੇ ਵਿਚ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।

--------------